Australian Government
Department of Infrastructure, Transport, Regional Development, Communications and the Arts

# ਇਹ ਰੇਟਿੰਗਾਂ ਕੀ ਹਨ?

Punjabi | ਪੰਜਾਬੀ

ਆਮ ਤੌਰ 'ਤੇ, ਫ਼ਿਲਮਾਂ, ਕੰਪਿਊਟਰ ਗੇਮਾਂ ਅਤੇ ਕੁੱਝ ਕੁ ਕਿਸਮ ਦੇ ਪ੍ਰਕਾਸ਼ਨਾਂ ਨੂੰ ਆਸਟ੍ਰੇਲੀਆ ਵਿੱਚ ਉਪਲਬਧ ਕਰਾਉਣ ਤੋਂ ਪਹਿਲਾਂ ਵਰਗੀਕ੍ਰਿਤ ਕੀਤਾ ਜਾਣਾ ਲਾਜ਼ਮੀ ਹੈ।

ਵਰਗੀਕਰਨ ਦੀਆਂ ਰੇਟਿੰਗਾਂ ਤੁਹਾਨੂੰ ਇਹ ਫ਼ੈਸਲਾ ਲੈਣ ਵਿੱਚ ਮੱਦਦ ਕਰਦੀਆਂ ਹਨ ਕਿ ਕੀ ਦੇਖਣਾ, ਖੇਡਣਾ ਅਤੇ ਪੜ੍ਹਨਾ ਹੈ।

## ਫ਼ਿਲਮਾਂ ਅਤੇ ਕੰਪਿਊਟਰ ਗੇਮਾਂ ਲਈ ਸਲਾਹਕਾਰ ਰੇਟਿੰਗਾਂ

### ਜਨਰਲ/ਆਮ (G), ਪੈਰੈਂਟਲ ਗਾਈਡੈਂਸ/ਮਾਪਿਆਂ ਦਾ ਮਾਰਗਦਰਸ਼ਨ (PG) ਅਤੇ ਮੈਚੂਅਰ/ਪਰਿਪੱਕ (M)।

ਇਹ ਰੇਟਿੰਗਾਂ ਸਲਾਹਕਾਰ ਸ਼੍ਰੇਣੀਆਂ ਹਨ। ਇਹਨਾਂ ਫ਼ਿਲਮਾਂ ਅਤੇ ਕੰਪਿਊਟਰ ਗੇਮਾਂ ਨੂੰ ਦੇਖਣ ਜਾਂ ਖੇਡਣ ਲਈ ਕੋਈ ਕਾਨੂੰਨੀ ਪਾਬੰਦੀਆਂ ਨਹੀਂ ਹਨ।

#### ਜਨਰਲ/ਆਮ (G)

**ਇਹ ਸਮੱਗਰੀ ਬਹੁਤ ਹੀ ਹਲਕੇ ਪ੍ਰਭਾਵ ਵਾਲੀ ਹੁੰਦੀ ਹੈ।**

G (ਜਨਰਲ) ਵਰਗੀਕ੍ਰਿਤ ਫ਼ਿਲਮਾਂ ਅਤੇ ਕੰਪਿਊਟਰ ਗੇਮਾਂ ਸਭ ਲਈ ਢੁੱਕਵੀਆਂ ਹੁੰਦੀਆਂ ਹਨ।
ਇਨ੍ਹਾਂ ਵਿੱਚ ਅਜਿਹੀ ਸਮੱਗਰੀ ਹੋ ਸਕਦੀ ਹੈ ਜੋ ਬਹੁਤ ਛੋਟੇ ਬੱਚਿਆਂ ਨੂੰ ਡਰਾ ਸਕਦੀ ਹੈ।

#### ਪੈਰੈਂਟਲ ਗਾਈਡੈਂਸ/ਮਾਪਿਆਂ ਦਾ ਮਾਰਗਦਰਸ਼ਨ (PG)

**ਇਹ ਸਮੱਗਰੀ ਹਲਕੇ ਪ੍ਰਭਾਵ ਵਾਲੀ ਹੁੰਦੀ ਹੈ।**

PG (ਪੈਰੈਂਟਲ ਗਾਈਡੈਂਸ) ਵਰਗੀਕ੍ਰਿਤ ਫ਼ਿਲਮਾਂ ਅਤੇ ਕੰਪਿਊਟਰ ਗੇਮਾਂ ਵਿੱਚ ਅਜਿਹੀ ਸਮੱਗਰੀ ਹੋ ਸਕਦੀ ਹੈ ਜੋ ਕਿਸੇ ਬੱਚੇ ਨੂੰ ਉਲਝਣ ਭਰੀ ਜਾਂ ਪ੍ਰੇਸ਼ਾਨ ਕਰਨ ਵਾਲੀ ਲੱਗ ਸਕਦੀ ਹੈ ਅਤੇ ਇਸ ਲਈ ਮਾਪਿਆਂ ਜਾਂ ਸਰਪ੍ਰਸਤ ਦੀ ਅਗਵਾਈ ਦੀ ਲੋੜ ਹੁੰਦੀ ਹੈ।
ਇਨ੍ਹਾਂ ਲਈ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੁਆਰਾ ਮਾਪਿਆਂ ਜਾਂ ਸਰਪ੍ਰਸਤ ਦੀ ਅਗਵਾਈ ਤੋਂ ਬਿਨਾਂ ਦੇਖਣ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ ਹੈ।

### ਮੈਚੂਅਰ/ਪਰਿਪੱਕ (M)

**ਇਹ ਸਮੱਗਰੀ ਦਰਮਿਆਨੇ ਪ੍ਰਭਾਵ ਵਾਲੀ ਹੁੰਦੀ ਹੈ।**

15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ M (ਮੈਚੂਅਰ/ਪਰਿਪੱਕ) ਵਰਗੀਕ੍ਰਿਤ ਫ਼ਿਲਮਾਂ ਅਤੇ ਕੰਪਿਊਟਰ ਗੇਮਾਂ ਦੀ ਸਿਫ਼ਾਰਸ਼ ਨਹੀਂ ਕੀਤੀ ਜਾਂਦੀ ਹੈ। ਇਨ੍ਹਾਂ ਵਿੱਚ ਹਿੰਸਾ ਅਤੇ ਅਜਿਹੇ ਵਿਸ਼ਿਆਂ ਬਾਰੇ ਸਮੱਗਰੀ ਹੋ ਸਕਦੀ ਹੈ ਜਿਸ ਲਈ ਪਰਿਪੱਕ ਸੋਚ ਦੀ ਲੋੜ ਹੁੰਦੀ ਹੈ।
15 ਸਾਲ ਤੋਂ ਛੋਟੇ ਬੱਚੇ ਕਾਨੂੰਨੀ ਤੌਰ 'ਤੇ ਇਸ ਸਮੱਗਰੀ ਤੱਕ ਪਹੁੰਚ ਕਰ ਸਕਦੇ ਹਨ।
ਮਾਪਿਆਂ ਅਤੇ ਸਰਪਰਸਤਾਂ ਨੂੰ ਇਹ ਫ਼ੈਸਲਾ ਕਰਨ ਤੋਂ ਪਹਿਲਾਂ ਫ਼ਿਲਮ ਜਾਂ ਕੰਪਿਊਟਰ ਗੇਮ ਦੀ ਸਮੱਗਰੀ ਬਾਰੇ ਜ਼ਿਆਦਾ ਜਾਣਕਾਰੀ ਲੈਣੀ ਪੈ ਸਕਦੀ ਹੈ ਕਿ ਕੀ ਇਹ ਉਹਨਾਂ ਦੀ ਦੇਖਭਾਲ ਵਿਚਲੇ ਬੱਚੇ ਲਈ ਢੁੱਕਵੀਂ ਹੈ ਜਾਂ ਨਹੀਂ।

# ਫ਼ਿਲਮਾਂ ਅਤੇ ਕੰਪਿਊਟਰ ਗੇਮਾਂ ਲਈ ਪਾਬੰਦੀਸ਼ੁਦਾ ਰੇਟਿੰਗਾਂ

## ਮੈਚੂਅਰ ਅਕੰਪਨੀਡ/ਪਰਿਪੱਕ ਸਾਥੀ (MA 15+) ਅਤੇ ਰਿਸਟ੍ਰਿਕਟਡ/ਪਾਬੰਦੀਸ਼ੁਦਾ (R 18+)

ਹੇਠਾਂ ਦਿੱਤੀਆਂ ਰੇਟਿੰਗਾਂ ਕਾਨੂੰਨੀ ਤੌਰ 'ਤੇ ਪਾਬੰਦੀਸ਼ੁਦਾ ਸ਼੍ਰੇਣੀਆਂ ਹਨ। ਇਸਦਾ ਮਤਲਬ ਹੈ ਕਿ ਇਨ੍ਹਾਂ ਫ਼ਿਲਮਾਂ ਅਤੇ ਕੰਪਿਊਟਰ ਗੇਮਾਂ ਤੱਕ ਪਹੁੰਚ ਕਰਨ 'ਤੇ ਕਾਨੂੰਨੀ ਪਾਬੰਦੀਆਂ ਹਨ।

### ਮੈਚੂਅਰ ਅਕੰਪਨੀਡ/ਪਰਿਪੱਕ ਸਾਥੀ (MA 15+)

**ਇਸ ਸਮੱਗਰੀ ਦਾ ਪ੍ਰਭਾਵ ਜ਼ਿਆਦਾ ਹੁੰਦਾ ਹੈ।**

MA 15+ ਵਰਗੀਕ੍ਰਿਤ ਫ਼ਿਲਮਾਂ ਅਤੇ ਕੰਪਿਊਟਰ ਗੇਮਾਂ ਨੂੰ ਕਾਨੂੰਨੀ ਤੌਰ 'ਤੇ 15 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਪਾਬੰਦੀਸ਼ੁਦਾ ਕੀਤਾ ਗਿਆ ਹੁੰਦਾ ਹੈ। ਇਨ੍ਹਾਂ ਵਿੱਚ ਸੈਕਸ ਸੀਨ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਵਰਗੀ ਸਮੱਗਰੀ ਸ਼ਾਮਲ ਹੋ ਸਕਦੀ ਹੈ ਜੋ ਦਰਸ਼ਕ 'ਤੇ ਕਾਫ਼ੀ ਜ਼ਿਆਦਾ ਪ੍ਰਭਾਵ ਪਾ ਸਕਦੀ ਹੈ।
ਕਿਸੇ ਵਿਅਕਤੀ ਨੂੰ MA 15+ ਫ਼ਿਲਮ ਜਾਂ ਕੰਪਿਊਟਰ ਗੇਮ ਖ਼ਰੀਦਣ, ਕਿਰਾਏ 'ਤੇ ਲੈਣ ਜਾਂ ਦੇਖਣ ਤੋਂ ਪਹਿਲਾਂ ਆਪਣੀ ਉਮਰ ਦਾ ਸਬੂਤ ਦਿਖਾਉਣ ਲਈ ਕਿਹਾ ਜਾ ਸਕਦਾ ਹੈ।
ਸਿਨੇਮਾ ਵਿੱਚ 15 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਲਈ ਟਿਕਟ ਮਾਪੇ ਜਾਂ ਬਾਲਗ ਸਰਪ੍ਰਸਤ ਦੁਆਰਾ ਖ਼ਰੀਦੀ ਜਾਣੀ ਲਾਜ਼ਮੀ ਹੈ ਅਤੇ ਫ਼ਿਲਮ ਦੇ ਦੌਰਾਨ ਉਹਨਾਂ ਨਾਲ ਰਹਿਣਾ ਪਵੇਗਾ ਜਾਂ MA 15+ ਫ਼ਿਲਮ ਜਾਂ ਗੇਮ ਖ਼ਰੀਦਣ ਸਮੇਂ ਉਹਨਾਂ ਦੇ ਨਾਲ ਹੋਣਾ ਲਾਜ਼ਮੀ ਹੈ।

### ਰਿਸਟ੍ਰਿਕਟਡ/ਪਾਬੰਦੀਸ਼ੁਦਾ (R 18+)

**ਇਸ ਸਮੱਗਰੀ ਦਾ ਪ੍ਰਭਾਵ ਬਹੁਤ ਜ਼ਿਆਦਾ ਹੁੰਦਾ ਹੈ।**

R 18+ ਵਰਗੀਕ੍ਰਿਤ ਫ਼ਿਲਮਾਂ ਅਤੇ ਕੰਪਿਊਟਰ ਗੇਮਾਂ ਨੂੰ ਕਾਨੂੰਨੀ ਤੌਰ 'ਤੇ 18 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬਾਲਗਾਂ ਲਈ ਸੀਮਿਤ ਕੀਤਾ ਗਿਆ ਹੈ। ਇਨ੍ਹਾਂ ਵਿੱਚ ਅਜਿਹੀ ਸਮੱਗਰੀ ਹੋ ਸਕਦੀ ਹੈ ਜੋ ਬਾਲਗ ਭਾਈਚਾਰੇ ਦੇ ਲੋਕਾਂ ਲਈ ਅਪਮਾਨਜਨਕ ਹੋ ਸਕਦੀ ਹੈ।
ਕਿਸੇ ਵਿਅਕਤੀ ਨੂੰ R 18+ ਫ਼ਿਲਮ ਜਾਂ ਕੰਪਿਊਟਰ ਗੇਮ ਖ਼ਰੀਦਣ ਜਾਂ ਦੇਖਣ ਤੋਂ ਪਹਿਲਾਂ ਉਸਦੀ ਉਮਰ ਦਾ ਸਬੂਤ ਦਿਖਾਉਣ ਲਈ ਕਿਹਾ ਜਾ ਸਕਦਾ ਹੈ।

# ਬਾਲਗ ਫ਼ਿਲਮਾਂ ਲਈ ਰਿਸਟ੍ਰਿਕਟਡ/ਪਾਬੰਦੀਸ਼ੁਦਾ ਰੇਟਿੰਗ

### ਰਿਸਟ੍ਰਿਕਟਡ/ਪਾਬੰਦੀਸ਼ੁਦਾ (X 18+)

X 18+ ਦੇ ਤੌਰ 'ਤੇ ਵਰਗੀਕ੍ਰਿਤ ਫ਼ਿਲਮਾਂ ਕਾਨੂੰਨੀ ਤੌਰ 'ਤੇ ਸਿਰਫ਼ 18 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬਾਲਗਾਂ ਲਈ ਸੀਮਿਤ ਹੁੰਦੀਆਂ ਹਨ। ਇਨ੍ਹਾਂ ਵਿੱਚ ਸਹਿਮਤ ਬਾਲਗਾਂ ਵਿਚਕਾਰ ਕਾਮੁਕ ਤੌਰ 'ਤੇ ਅਸ਼ਲੀਲ ਗਤੀਵਿਧੀ ਸ਼ਾਮਲ ਹੁੰਦੀ ਹੈ ਜਿਸ ਵਿੱਚ ਅਸਲ ਜਿਨਸੀ ਸੰਬੰਧ ਜਾਂ ਹੋਰ ਜਿਨਸੀ ਗਤੀਵਿਧੀ ਸ਼ਾਮਲ ਹੁੰਦੀ ਹੈ।

# ਰੇਟਿੰਗ ਦੇਣ ਤੋਂ ਪਹਿਲਾਂ

### ਵਰਗੀਕਰਨ (CTC) ਦੀ ਜਾਂਚ ਕਰੋ

ਅਸ਼੍ਰੇਣੀਬੱਧ ਫ਼ਿਲਮ ਜਾਂ ਕੰਪਿਊਟਰ ਗੇਮ ਦੀ ਇਸ਼ਤਿਹਾਰਬਾਜ਼ੀ ਵਿੱਚ 'ਚੈੱਕ ਦਿ ਕਲਾਸੀਫਿਕੇਸ਼ਨ' ਜਾਂ CTC ਲਿਖਿਆ ਹੋਵੇਗਾ।

ਤੁਹਾਨੂੰ ਫ਼ਿਲਮ ਜਾਂ ਕੰਪਿਊਟਰ ਗੇਮ ਦੀ ਰਿਲੀਜ਼ ਮਿਤੀ ਦੇ ਨੇੜੇ ਵਰਗੀਕਰਣ ਦੀ ਜਾਂਚ ਕਰਨੀ ਚਾਹੀਦੀ ਹੈ। ਇੱਕ ਵਾਰ ਸਮੱਗਰੀ ਨੂੰ ਵਰਗੀਕ੍ਰਿਤ ਕਰਨ ਤੋਂ ਬਾਅਦ, ਇਹ ਰੇਟਿੰਗ ਵਿਗਿਆਪਨ 'ਤੇ ਦਿਖਾਈ ਦੇਣੀ ਚਾਹੀਦੀ ਹੈ।

# ਫ਼ਿਲਮਾਂ ਅਤੇ ਕੰਪਿਊਟਰ ਗੇਮਾਂ ਲਈ ਖ਼ਪਤਕਾਰ ਸਲਾਹ

ਖ਼ਪਤਕਾਰ ਸਲਾਹ ਤੁਹਾਨੂੰ ਇਸ ਬਾਰੇ ਫ਼ੈਸਲਾ ਲੈਣ ਵਿੱਚ ਮੱਦਦ ਕਰਦੀ ਹੈ ਕਿ ਤੁਸੀਂ ਕੀ ਦੇਖਣਾ ਅਤੇ ਖੇਡਣਾ ਹੈ। ਇਹ ਉਸ ਫ਼ਿਲਮ ਜਾਂ ਕੰਪਿਊਟਰ ਗੇਮ ਵਿੱਚ ਸਭ ਤੋਂ ਪ੍ਰਭਾਵਸ਼ਾਲੀ ਸਮੱਗਰੀ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਖ਼ਪਤਕਾਰ ਸਲਾਹ ਵਿੱਚ ਆਮ ਤੌਰ 'ਤੇ ਛੇ ਵਰਗੀਕਰਨ ਯੋਗ ਤੱਤਾਂ ਦੇ ਹਵਾਲੇ ਸ਼ਾਮਲ ਹੁੰਦੇ ਹਨ: ਵਿਸ਼ੇ, ਹਿੰਸਾ, ਭਾਸ਼ਾ, ਨਸ਼ੀਲੇ ਪਦਾਰਥਾਂ ਦੀ ਵਰਤੋਂ, ਨਗਨਤਾ ਅਤੇ ਸੈਕਸ।

ਕੰਪਿਊਟਰ ਗੇਮਾਂ ਲਈ ਖ਼ਪਤਕਾਰ ਸਲਾਹ ਇਹ ਵੀ ਦਰਸਾਉਂਦੀ ਹੈ ਕਿ ਕੀ ਉਸ ਵਿੱਚ ਔਨਲਾਈਨ ਗੱਲਬਾਤ, ਗੇਮ ਵਿੱਚ ਖ਼ਰੀਦਦਾਰੀ ਜਾਂ ਸਿਮੂਲੇਟਿਡ ਜੂਆ ਖੇਡਿਆ ਜਾ ਰਿਹਾ ਹੈ।

# ਪ੍ਰਕਾਸ਼ਨਾਂ ਲਈ ਰੇਟਿੰਗਾਂ

ਮੈਗਜ਼ੀਨਾਂ ਸਮੇਤ ਜ਼ਿਆਦਾਤਰ ਪ੍ਰਕਾਸ਼ਨਾਂ ਨੂੰ ਵਰਗੀਕਰਨ ਦੀ ਲੋੜ ਨਹੀਂ ਹੁੰਦੀ ਹੈ ਅਤੇ ਕਿਸੇ ਵੀ ਵਿਅਕਤੀ ਦੁਆਰਾ ਕਾਨੂੰਨੀ ਤੌਰ 'ਤੇ ਖ਼ਰੀਦਿਆ ਅਤੇ ਪੜ੍ਹਿਆ ਜਾ ਸਕਦਾ ਹੈ। ਸਿਰਫ਼ ਉਹਨਾਂ ਪ੍ਰਕਾਸ਼ਨਾਂ ਨੂੰ ਹੀ ਵਰਗੀਕਰਨ ਦੀ ਲੋੜ ਹੁੰਦੀ ਹੈ ਜਿਨ੍ਹਾਂ ਨੂੰ ਵਰਗੀਕਰਨ ਤੋਂ ਇਨਕਾਰ ਕੀਤਾ ਗਿਆ ਹੋਵੇ ਜਾਂ ਬਾਲਗਾਂ ਲਈ ਸੀਮਤ ਹੋਣ।

## ਪਾਬੰਦੀ-ਰਹਿਤ







### **ਪਾਬੰਦੀ-ਰਹਿਤ**

ਪਾਬੰਦੀ-ਰਹਿਤ ਪ੍ਰਕਾਸ਼ਨ ਕੋਈ ਵੀ ਖ਼ਰੀਦ ਸਕਦਾ ਹੈ।

ਪਾਬੰਦੀ-ਰਹਿਤ ਪ੍ਰਕਾਸ਼ਨਾਂ ਵਿੱਚ ਅਜਿਹੀ ਸਮੱਗਰੀ ਹੋ ਸਕਦੀ ਹੈ ਜੋ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸਿਫ਼ਾਰਸ਼ ਨਹੀਂ ਕੀਤੀ ਜਾਂਦੀ ਹੈ।
ਇਨ੍ਹਾਂ ਪ੍ਰਕਾਸ਼ਨਾਂ ਦੀ ਖ਼ਪਤਕਾਰ ਸਲਾਹ M (ਮੈਚੂਅਰ/ਪਰਿਪੱਕ) ਹੋਵੇਗੀ - 15 ਸਾਲ ਤੋਂ ਘੱਟ ਉਮਰ ਦੇ ਪਾਠਕਾਂ ਲਈ ਸਿਫ਼ਾਰਸ਼ ਨਹੀਂ ਕੀਤੇ ਜਾਂਦੇ ਹਨ।

## ਪਾਬੰਦੀਸ਼ੁਦਾ

ਸ਼੍ਰੇਣੀ 1 ਦੇ ਪਾਬੰਦੀਸ਼ੁਦਾ ਅਤੇ ਸ਼੍ਰੇਣੀ 2 ਦੇ ਪਾਬੰਦੀਸ਼ੁਦਾ ਦੇ ਰੂਪ ਵਿੱਚ ਵਰਗੀਕ੍ਰਿਤ ਪ੍ਰਕਾਸ਼ਨ ਸਿਰਫ਼ ਬਾਲਗਾਂ ਨੂੰ ਹੀ ਵੇਚੇ ਜਾ ਸਕਦੇ ਹਨ। ਉਨ੍ਹਾਂ ਵਿੱਚ ਅਜਿਹੀ ਸਮੱਗਰੀ ਹੁੰਦੀ ਹੈ ਜੋ ਬਾਲਗ ਭਾਈਚਾਰੇ ਦੇ ਕੁੱਝ ਵਰਗਾਂ ਨੂੰ ਠੇਸ ਪਹੁੰਚਾ ਸਕਦੀ ਹੈ, ਜਿਵੇਂ ਕਿ ਨਗਨਤਾ ਜਾਂ ਅਸ਼ਲੀਲ ਜਿਨਸੀ ਸਮੱਗਰੀ।







### **ਸ਼੍ਰੇਣੀ 1 ਦੇ ਪਾਬੰਦੀਸ਼ੁਦਾ**

ਇਨ੍ਹਾਂ ਪ੍ਰਕਾਸ਼ਨਾਂ ਵਿੱਚ ਆਮ ਤੌਰ 'ਤੇ ਜਿਨਸੀ ਨਗਨਤਾ ਦੀਆਂ ਤਸਵੀਰਾਂ ਹੁੰਦੀਆਂ ਹਨ ਅਤੇ ਇੱਕ ਸੀਲਬੰਦ ਰੈਪਰ ਵਿੱਚ ਵੰਡੇ ਜਾਣੇ ਚਾਹੀਦੇ ਹਨ। ਇਨ੍ਹਾਂ ਦੀ ਜਿਲਦ ਜਨਤਕ ਪ੍ਰਦਰਸ਼ਨ ਲਈ ਢੁੱਕਵੀਂ ਹੋਣੀ ਚਾਹੀਦੀ ਹੈ।

### **ਸ਼੍ਰੇਣੀ 2 ਦੇ ਪਾਬੰਦੀਸ਼ੁਦਾ**

ਇਨ੍ਹਾਂ ਪ੍ਰਕਾਸ਼ਨਾਂ ਵਿੱਚ ਆਮ ਤੌਰ 'ਤੇ ਸਹਿਮਤੀ ਵਾਲੇ ਬਾਲਗਾਂ ਵਿਚਕਾਰ ਅਸਲ ਜਿਨਸੀ ਗਤੀਵਿਧੀ ਦੀਆਂ ਤਸਵੀਰਾਂ ਹੁੰਦੀਆਂ ਹਨ। ਇਹ ਸਿਰਫ਼ ਉਨ੍ਹਾਂ ਸਥਾਨਾਂ ਵਿੱਚ ਵੇਚਣ ਲਈ ਪ੍ਰਦਰਸ਼ਿਤ ਕੀਤੇ ਜਾ ਸਕਦੇ ਹਨ ਜਿੱਥੇ ਸਿਰਫ਼ ਬਾਲਗਾਂ ਦੀ ਪਹੁੰਚ ਹੁੰਦੀ ਹੈ।

# ਵਰਗੀਕਰਨ ਦੇਣ ਤੋਂ ਮਨ੍ਹਾ ਕੀਤੇ ਗਏ (RC)

ਵਰਗੀਕਰਨ ਦੇਣ ਤੋਂ ਮਨ੍ਹਾ ਕੀਤੇ ਗਏ (Refused Classification, RC) ਉਨ੍ਹਾਂ ਫ਼ਿਲਮਾਂ, ਕੰਪਿਊਟਰ ਗੇਮਾਂ ਅਤੇ ਪ੍ਰਕਾਸ਼ਨਾਂ ਦਾ ਹਵਾਲਾ ਦਿੰਦੀ ਹੈ ਜੋ ਆਸਟ੍ਰੇਲੀਆ ਵਿੱਚ ਵੇਚੀਆਂ, ਕਿਰਾਏ 'ਤੇ ਦਿੱਤੀਆਂ, ਵਿਗਿਆਪਨ ਕੀਤੀਆਂ ਜਾਂ ਕਾਨੂੰਨੀ ਤੌਰ 'ਤੇ ਆਯਾਤ ਨਹੀਂ ਕੀਤੀਆਂ ਜਾ ਸਕਦੀਆਂ ਹਨ। RC ਦੇ ਰੂਪ ਵਿੱਚ ਵਰਗੀਕ੍ਰਿਤ ਸਮੱਗਰੀ ਵਿੱਚ ਅਜਿਹੀ ਸਮੱਗਰੀ ਸ਼ਾਮਲ ਹੁੰਦੀ ਹੈ ਜੋ ਆਮ ਤੌਰ 'ਤੇ ਸਵੀਕਾਰ ਕੀਤੇ ਭਾਈਚਾਰਕ ਮਿਆਰਾਂ ਤੋਂ ਬਾਹਰ ਹੁੰਦੀ ਹੈ ਅਤੇ R 18+ ਅਤੇ X 18+ ਰੇਟਿੰਗਾਂ ਵਿੱਚ ਸ਼ਾਮਲ ਕੀਤੀ ਜਾ ਸਕਦੀ ਹੈ।